# ਸਿਹਤਦੇਖਭਾਲ ਵਿੱਤੀ ਸਹਾਇਤਾ ਪਾਲਿਸੀ (HEALTHCARE FINANCIAL ASSISTANCE POLICY) ਦਾ ਆਮ ਭਾਸ਼ਾ ਵਿੱਚ ਸਾਰ

## ਸਾਰ

ਆਪਣੇ ਭਾਈਚਾਰਿਆਂ ਦੀ ਸਿਹਤ ਨੂੰ ਬਿਹਤਰ ਬਣਾਉਣ ਦੇ ਆਪਣੇ ਮਿਸ਼ਨ ਲਈ, ਗਰੀਬਾਂ ਅਤੇ ਬਹੁਤ ਪਿਛੜੇ ਲੋਕਾਂ 'ਤੇ ਵਿਸ਼ੇਸ਼ ਧਿਆਨ ਦਿੰਦੇ ਹੋਏ, ਅਤੇ ਹੀਲੀਂਗ ਮਿਨਿਸਟਰੀ ਆਫ ਜੀਸਸ (healing ministry of Jesus) ਮੁਤਾਬਕ, ਬੋਨ ਸਿਕੌਰਸ ਮਰਸੀ ਹੈਲਥ (Bon Secours Mercy Health) ਆਪਣੇ ਮਰੀਜ਼ਾਂ ਨੂੰ ਵਿੱਤੀ ਸਹਾਇਤਾ ਦੇਣ ਲਈ ਵਚਨਬੱਧ ਹੈ। ਇਹ ਬੋਨ ਸਿਕੌਰਸ ਮਰਸੀ ਹੈਲਥ (Bon Secours Mercy Health) ਸਿਹਤਦੇਖਭਾਲ ਵਿੱਤੀ ਸਹਾਇਤਾ (Healthcare Financial Assistance) (HFA) ਪਾਲਿਸੀ ਦਾ ਸਾਰ ਹੈ।

## ਵਿੱਤੀ ਸਹਾਇਤਾ ਦੀ ਉਪਲਬਧਤਾ

ਵਿੱਤੀ ਸਹਾਇਤਾ ਲਈ ਯੋਗਤਾ, ਮਰੀਜ਼ ਜਾਂ ਉਸਦੇ ਗਾਰੰਟਰ ਦੁਆਰਾ ਸਾਰੇ ਉਪਲਬਧ ਸਰੋਤਾਂ ਦੀ ਵਰਤੋਂ ਕੀਤੇ ਜਾਣ ਅਤੇ ਸਾਰੇ ਉਪਲਬਧ ਸਹਾਇਤਾ ਪ੍ਰੋਗਰਾਮਾਂ ਦਾ ਮੁਲਾਂਕਣ ਕੀਤੇ ਜਾਣ ਤੋਂ ਬਾਅਦ ਭੁਗਤਾਨ ਕਰਨ ਦੀ ਯੋਗਤਾ ਦੁਆਰਾ ਨਿਰਧਾਰਤ ਕੀਤੀ ਜਾਂਦੀ ਹੈ। ਬੋਨ ਸਿਕੌਰਸ ਮਰਸੀ ਹੈਲਥ (Bon Secours Mercy Health) ਹਸਪਤਾਲ ਵੱਲੋਂ ਸੇਵਾ ਪ੍ਰਾਪਤ ਭਾਈਚਾਰੇ ਵਿੱਚ ਰਹਿੰਦੇ ਬੀਮਾ ਰਹਿਤ ਅਤੇ ਅੰਸ਼ਕ ਬੀਮੇ ਵਾਲੇ ਵਿਅਕਤੀਆਂ ਅਤੇ ਜਿਨ੍ਹਾਂ ਦੀ ਪਰਿਵਾਰਕ ਆਮਦਨ ਗਰੀਬੀ ਸੰਬੰਧੀ ਸੰਘੀ ਹਿਦਾਇਤਾਂ (Federal Poverty Guidelines) (FPG) ਦੇ ਚਾਰ ਗੁਣਾ ਤੋਂ ਵੱਧ ਨਹੀਂ ਹੈ, ਲਈ ਬੋਨ ਸਿਕੌਰਸ ਮਰਸੀ ਹੈਲਥ ਹੋਸਪਿਟਲਸ (Bon Secours Mercy Health hospitals) (ਅਤੇ ਕੁਝ ਹੋਰ ਪ੍ਰਦਾਤਾਵਾਂ) ਵੱਲੋਂ ਪ੍ਰਦਾਨ ਕੀਤੀ ਐਮਰਜੈਂਸੀ ਅਤੇ ਹੋਰ ਡਾਕਟਰੀ ਤੌਰ 'ਤੇ ਲੋੜੀਂਦੀ ਦੇਖਭਾਲ ਲਈ ਵਿੱਤੀ ਸਹਾਇਤਾ ਉਪਲਬਧ ਹੈ, ਬੀਮਾ ਰਹਿਤ ਅਤੇ ਘੱਟ-ਬੀਮਿਤ ਮਰੀਜ਼ਾਂ ਲਈ ਉਪਲਬਧ ਹੈ।

## ਯੋਗਤਾ ਮਾਪਦੰਡ

ਵਿੱਤੀ ਸਹਾਇਤਾ ਆਮ ਤੌਰ 'ਤੇ FPG ਦੇ ਆਧਾਰ 'ਤੇ ਕੁੱਲ ਘਰੇਲੂ ਆਮਦਨ ਦੇ ਇੱਕ ਸਲਾਈਡਿੰਗ ਪੈਮਾਨੇ ਦੁਆਰਾ ਨਿਰਧਾਰਤ ਕੀਤੀ ਜਾਂਦੀ ਹੈ। ਇਸ ਪਾਲਿਸੀ ਅਧੀਨ ਵਿੱਤੀ ਸਹਾਇਤਾ ਲਈ ਯੋਗ 200% FPG ਜਾਂ ਇਸ ਤੋਂ ਘੱਟ ਆਮਦਨ ਪੱਧਰ ਵਾਲੇ ਵਿਅਕਤੀਆਂ ਨੂੰ ਮੁਫਤ ਦੇਖਭਾਲ ਪ੍ਰਾਪਤ ਹੁੰਦੀ ਹੈ। ਕ੍ਰਮਵਾਰ 201% ਤੋਂ 300% FPG ਅਤੇ 301% ਤੋਂ 400% FPG ਆਮਦਨ ਪੱਧਰ ਵਾਲੇ ਵਿਅਕਤੀ, ਇਸ ਪਾਲਿਸੀ ਵਿੱਚ ਦਿੱਤੇ ਸਲਾਈਡਿੰਗ ਪੈਮਾਨੇ ਦੇ ਆਧਾਰ 'ਤੇ ਛੋਟ ਸਹਿਤ ਦੇਖਭਾਲ ਪ੍ਰਾਪਤ ਕਰਦੇ ਹਨ। 201%-300% FPG, ਅਤੇ 301% ਤੋਂ 400% FPG ਲਈ ਵਿਸ਼ੇਸ਼ ਪ੍ਰਤੀਸ਼ਤ ਛੋਟਾਂ, ਆਮਦਨ ਪੱਧਰਾਂ ਨੂੰ ਚਾਰਜ ਮਾਸਟਰ ਵਿੱਚ ਤਬਦੀਲੀਆਂ ਮੁਤਾਬਕ ਹਰੇਕ ਮਾਰਕੀਟ ਲਈ ਸਾਲਾਨਾ ਅੱਪਡੇਟ ਕੀਤਾ ਜਾਂਦਾ ਹੈ।

ਜੇ ਕੋਈ ਵਿਅਕਤੀ HFA ਪਾਲਿਸੀ ਤਹਿਤ ਵਿੱਤੀ ਸਹਾਇਤਾ ਲਈ ਯੋਗ ਨਹੀਂ ਹੁੰਦਾ ਹੈ, ਤਾਂ ਉਹਨਾਂ ਤੋਂ ਐਮਰਜੈਂਸੀ ਜਾਂ ਹੋਰ ਡਾਕਟਰੀ ਤੌਰ 'ਤੇ ਜ਼ਰੂਰੀ ਦੇਖਭਾਲ ਲਈ, ਦੇਖਭਾਲ ਕਵਰ ਕਰਨ ਲਈ ਬੀਮੇ ਵਾਲੇ ਵਿਅਕਤੀਆਂ ਤੋਂ ਜ਼ਿਆਦਾ ਭੁਗਤਾਨ ਲਿਆ ਜਾਵੇਗਾ। ਜੇ ਕਿਸੇ ਵਿਅਕਤੀ ਕੋਲ ਦੇਖਭਾਲ ਲਈ ਭੁਗਤਾਨ ਕਰਨ ਲਈ ਲੋੜੀਂਦੀ ਬੀਮਾ ਕਵਰੇਜ ਜਾਂ ਸੰਪਤੀ ਹੈ, ਤਾਂ ਉਸਨੂੰ ਵਿੱਤੀ ਸਹਾਇਤਾ ਲਈ ਅਯੋਗ ਸਮਝਿਆ ਜਾ ਸਕਦਾ ਹੈ। ਉਹਨਾਂ ਬੀਮਾ ਰਹਿਤ ਮਰੀਜ਼ਾਂ ਲਈ ਜੋ HFA ਪਾਲਿਸੀ ਵਿੱਚ ਵਰਣਿਤ ਕਿਸੇ ਵੀ ਵਿੱਤੀ ਸਹਾਇਤਾ ਛੋਟ ਲਈ ਯੋਗ ਨਹੀਂ ਹਨ, ਬੋਨ ਸਿਕੌਰਸ ਮਰਸੀ ਹੈਲਥ (Bon Secours Mercy Health) ਉਹਨਾਂ ਦੇ ਹਸਪਤਾਲ ਦੇ ਬਿੱਲਾਂ ਵਿੱਚ ਇੱਕ ਸਵੈਚਲਿਤ (ਸਵੈ-ਭੁਗਤਾਨ) ਛੋਟ ਦਿੰਦਾ ਹੈ। ਕਿਰਪਾ ਕਰਕੇ ਪੂਰੀ ਵਿਆਖਿਆ ਲਈ ਪੂਰੀ HFA ਪਾਲਿਸੀ ਵੇਖੋ।

## ਐਪਲੀਕੇਸ਼ਨ ਪ੍ਰਕਿਰਿਆ ਬਾਰੇ

ਸਾਡੀ HFA ਪਾਲਿਸੀ ਤਹਿਤ ਵਿੱਤੀ ਸਹਾਇਤਾ ਲਈ ਅਪਲਾਈ ਕਰਨ ਦੀ ਪ੍ਰਕਿਰਿਆ ਵਿੱਚ ਇਹ ਕਦਮ ਸ਼ਾਮਲ ਹਨ:

- HFA ਐਪਲੀਕੇਸ਼ਨ ਫਾਰਮ ਨੂੰ ਭਰੋ ਅਤੇ ਲੋੜੀਂਦੇ ਸਹਾਇਕ ਦਸਤਾਵੇਜ਼ ਜੋੜੋ।
  - ਅਸੀਂ ਤੁਹਾਡੇ ਲਈ ਉਪਲਬਧ ਸਹਾਇਤਾ ਪੱਧਰ ਨੂੰ ਨਿਰਧਾਰਤ ਕਰਨ ਲਈ ਤੁਹਾਡੀ ਆਮਦਨ ਅਤੇ ਪਰਿਵਾਰ ਦੇ ਆਕਾਰ ਨੂੰ ਦੇਖਦੇ ਹਾਂ। ਅਸੀਂ ਉੱਪਰ ਦੱਸੇ FPG ਦੇ ਆਧਾਰ 'ਤੇ, ਇੱਕ ਸਲਾਈਡਿੰਗ ਸਕੇਲ ਦੀ ਵਰਤੋਂ ਕਰਦੇ ਹਾਂ।
  - ਅਸੀਂ ਚਾਹੁੰਦੇ ਕਿ ਤੁਸੀਂ ਪਹਿਲਾਂ ਕੁਝ ਕਿਸਮ ਦੇ ਬੀਮਾ ਲਾਭਾਂ ਲਈ ਯੋਗਤਾ ਦੀ ਪੜਚੋਲ ਕਰੋ, ਜੋ ਤੁਹਾਡੀ ਦੇਖਭਾਲ (ਜਿਵੇਂ ਕਿ ਕਰਮਚਾਰੀ ਮੁਆਵਜ਼ਾ, ਆਟੋਮੋਬਾਈਲ ਬੀਮਾ, ਆਦਿ) ਨੂੰ ਕਵਰ ਕਰਨ। ਅਸੀਂ ਤੁਹਾਨੂੰ ਉਚਿਤ ਸਰੋਤ ਲੱਭਣ ਵਿੱਚ ਮਦਦ ਕਰ ਸਕਦੇ ਹਾਂ।
- ਅਸੀਂ ਤੁਹਾਨੂੰ ਇਹ ਦੱਸਣ ਲਈ ਤੁਹਾਡੇ ਨਾਲ ਸੰਪਰਕ ਕਰਾਂਗੇ, ਕੀ ਤੁਸੀਂ ਸਾਡੀ HFA ਪਾਲਿਸੀ ਤਹਿਤ ਵਿੱਤੀ ਸਹਾਇਤਾ ਲਈ ਯੋਗ ਹੋ ਜਾਂ ਨਹੀਂ।
- ਅਸੀਂ ਸਾਡੀ HFA ਪਾਲਿਸੀ ਅਧੀਨ ਕਵਰ ਨਾ ਹੁੰਦੇ ਬਾਕੀ ਖਰਚਿਆਂ ਜਾਂ ਬਿੱਲਾਂ ਦੀ ਭੁਗਤਾਨ ਯੋਜਨਾ ਦਾ ਪ੍ਰਬੰਧ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ।
  - ਭੁਗਤਾਨ ਯੋਜਨਾ, ਭੁਗਤਾਨ ਸੀਮਾ ਸੈੱਟ ਕਰਨ ਲਈ ਤੁਹਾਡੀ ਵਿੱਤੀ ਸਥਿਤੀ ਵੱਲ ਧਿਆਨ ਦੇਵੇਗੀ, ਤਾਂ ਜੋ ਤੁਸੀਂ ਆਸਾਨੀ ਨਾਲ ਭੁਗਤਾਨ ਕਰ ਸਕੋ।

## ਜਾਣਕਾਰੀ ਕਿੱਥੋਂ ਪ੍ਰਾਪਤ ਕੀਤੀ ਜਾਵੇ

ਤੁਸੀਂ ਸਾਡੀ HFA ਪਾਲਿਸੀ ਅਤੇ HFA ਐਪਲੀਕੇਸ਼ਨ ਫਾਰਮ ਦੀ ਕਾਪੀ ਪ੍ਰਾਪਤ ਕਰ ਸਕਦੇ ਹੋ, ਨਾਲ ਹੀ ਵਿੱਤੀ ਸਹਾਇਤਾ ਐਪਲੀਕੇਸ਼ਨ ਪ੍ਰਕਿਰਿਆ ਬਾਰੇ ਜਾਣਕਾਰੀ ਵੀ ਪ੍ਰਾਪਤ ਕਰ ਸਕਦੇ ਹੋ: (i) ਸਾਡੀ www.bsmhealth.org/financial-assistance, www.mercy.com/financial-assistance, ਅਤੇ www.fa.bonsecours.comਵੈੱਬਸਾਈਟ 'ਤੇ ਜਾ ਕੇ, (ii) ਬੋਨ ਸਿਕੌਰਸ ਮਰਸੀ ਹੈਲਥ (Bon Secours Mercy Health) ਮਰੀਜ਼ ਵਿੱਤੀ ਸੇਵਾਵਾਂ ਨੂੰ 1-877-918-5400 'ਤੇ ਕਾਲ ਕਰਕੇ, (iii)Bon Secours Mercy Health, 11511 Reed Hartmann Highway, Blue Ash, OH 45241, Attn: Financial Counseling 'ਤੇ ਡਾਕ ਭੇਜ ਕੇ, ਜਾਂ (iv) ਸਾਡੇ ਕਿਸੇ ਵੀ ਹਸਪਤਾਲ ਵਿਖੇ ਵਿਅਕਤੀਗਤ ਤੌਰ 'ਤੇ ਸਾਡੇ ਵਿੱਤੀ ਸਲਾਹਕਾਰਾਂ ਨਾਲ ਸੰਪਰਕ ਕਰਕੇ (ਸੁਵਿਧਾਵਾਂ ਅਤੇ ਪਤਿਆਂ ਦੀ ਪੂਰੀ ਸੂਚੀ ਲਈ ਪੂਰੀ HFA ਪਾਲਿਸੀ ਵੇਖੋ)।

ਅਸੀਂ ਬੋਨ ਸਿਕੌਰਸ ਮਰਸੀ ਹੈਲਥ (Bon Secours Mercy Health) ਵੱਲੋਂ ਸੇਵਾ ਪ੍ਰਾਪਤ ਸਾਰੀਆਂ ਮਹੱਤਵਪੂਰਨ ਆਬਾਦੀਆਂ ਦੀ ਅੰਗਰੇਜ਼ੀ ਵਿੱਚ ਸੀਮਤ ਮੁਹਾਰਤ ਹੋਣ ਕਰਕੇ, ਆਪਣੀ HFA ਪਾਲਿਸੀ, ਐਪਲੀਕੇਸ਼ਨ ਫਾਰਮ, ਅਤੇ ਆਬਾਦੀ ਦੁਆਰਾ ਬੋਲੀਆਂ ਜਾਣ ਵਾਲੀਆਂ ਮੁੱਖ ਭਾਸ਼ਾਵਾਂ ਵਿੱਚ ਇਸ ਸੰਖੇਪ ਦੀਆਂ ਕਾਪੀਆਂ ਦਾ ਅਨੁਵਾਦ ਕਰਕੇ ਮਦਦ ਕਰਦੇ ਹਾਂ। ਅਸੀਂ ਅਨੁਵਾਦ ਸਹਾਇਤਾ, ਅਨੁਵਾਦ ਗਾਈਡ, ਜਾਂ ਯੋਗ ਦੁਭਾਸ਼ੀਏ ਦੀ ਵਰਤੋਂ ਰਾਹੀਂ ਸਹਾਇਤਾ ਪ੍ਰਦਾਨ ਕਰਨ ਦੀ ਚੋਣ ਵੀ ਕਰ ਸਕਦੇ ਹਾਂ।